4.2.95

# ਕਲਾ ਦੇ ਝਰੋਖੇ ਤੋਂ

## ਕਲਚਰ ਤੇ ਐਗਰੀਕਲਚਰ ਦਾ ਸੁਮੇਲ

ਸਮਾਣਾ ਕੋਲ ਇਕ ਪਿੰਡ ਰੇਤਗੜ੍ਹ ਹੈ, ਜੋ ਮਟਰਾਂ ਦੀ ਕਾਸ਼ਤ ਲਈ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ। ਇਹਦਾ ਕਾਰਨ ਹੈ ਕਿ ਉਹਦੇ ਇਕ ਕਾਸ਼ਤਕਾਰ ਸਰੂਪ ਲਾਲ ਨੇ ਜੋ ਇਸ ਪਿੰਡ ਦਾ ਸਾਬਕਾ ਸਰਪੰਚ ਹੈ, ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਖੋਜਾਂ ਦੀ ਪੂਰੀ ਜਾਣਕਾਰੀ ਲੈ ਕੇ ਆਪਣੇ ਖੇਤਾਂ ਵਿਚ ਮਟਰਾਂ ਦੀ ਕਾਸ਼ਤ ਆਪ ਵੀ ਕੀਤੀ ਤੇ ਹੋਰ ਕਿਸਾਨਾਂ ਨੂੰ ਵੀ ਪ੍ਰੇਰਿਆ। ਹੈਰਾਨਕੁਨ ਨਤੀਜੇ ਹਾਸਲ ਕੀਤੇ ਤੇ ਨਤੀਜੇ ਦੇ ਤੌਰ 'ਤੇ ਇਹ ਪਿੰਡ ਇਕ ਦਮ ਖਬਰਾਂ ਵਿਚ ਆਇਆ। 25 ਜਨਵਰੀ 1995 ਨੂੰ ਮਟਰਾਂ ਦੇ ਕਾਸ਼ਤਕਾਰਾਂ ਵੱਲੋਂ ਇਕ ਐਗਰੀਕਲਚਰ ਅਤੇ ਕਲਚਰਲ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਖੇਤੀਬਾੜੀ ਸਾਇੰਸ ਦੇ ਸੰਸਾਰ ਪ੍ਰਸਿੱਧ ਮਾਹਿਰਾਂ ਡਾ.ਜੀ.ਸੀ. ਕੁਮਾਰ, ਡਾ. ਢਿੱਲੋਂ, ਡਾ. ਕੰਗ ਆਦਿਕ ਨੇ ਕਿਸਾਨਾਂ ਨੂੰ ਸੰਬੋਧਨ ਕੀਤਾ। ਕਿਸਾਨਾਂ ਦੀ ਸਾਧਾਰਨ ਬੋਲੀ ਜਿਸ ਤਰ੍ਹਾਂ ਉਹ ਬੋਲੇ, ਉਹ ਬਹੁਤ ਹੀ ਹੈਰਾਨੀ ਅਤੇ ਖੁਸ਼ੀ ਵਾਲੀ ਗੱਲ ਸੀ ਜੋ ਇਸ ਕਥਨ ਨੂੰ ਝੁਠਲਾਂਦੀ ਹੈ ਕਿ ਪੰਜਾਬੀ ਜ਼ੁਬਾਨ ਵਿਚ ਸਾਇੰਸ ਪੜ੍ਹਾਈ ਜਾਂ ਸਮਝਾਈ ਨਹੀਂ ਜਾ ਸਕਦੀ। ਡਾ. ਜੇ.ਸੀ. ਕੁਮਾਰ ਜੋ ਸਬਜ਼ੀਆਂ ਦੀ ਸਾਇੰਸ ਤੇ ਬੜੇ ਵੱਡੇ ਮਾਹਿਰ ਹਨ, ਜਿਸ ਤਰ੍ਹਾਂ ਉਹ ਬੋਲੇ ਉਹ ਆਪਣੇ ਆਪ ਵਿਚ ਇਕ ਵੱਡਾ ਸਬਕ ਸੀ ਕਿ ਸਾਇੰਸ ਦੀ ਗੱਲ ਸਾਧਾਰਨ ਲੋਕਾਂ ਨਾਲ ਕਿਸ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ।

ਇਸ ਪ੍ਰੋਗਰਾਮ ਵਿਚ ਜਿਥੇ ਮਲਕ ਭਾਗੋ ਅਤੇ ਭਾਈ ਲਾਲੋ ਦੀ ਸਾਖੀ 'ਤੇ ਆਧਾਰਤ ਨਾਟਕ 'ਇਹ ਲਹੂ ਕਿਸਦਾ ਹੈ?' ਬਾਬਾ ਨਾਨਕ ਦਾ ਕਿਰਤ ਦੀ ਸਰਦਾਰੀ ਦਾ ਸੁਨੇਹਾ ਦਿੰਦਾ ਸੀ, ਉਥੇ ਨਾਟਕ 'ਕੰਮੀਆਂ ਦਾ ਵਿਹੜਾ' ਵਿਚ ਇਹ ਗੱਲ ਵਿਸ਼ੇਸ਼ ਤੌਰ 'ਤੇ ਉਭਰਕੇ ਸਾਹਮਣੇ ਆਈ ਕਿ ਸਾਡੇ ਪਿੰਡਾਂ ਵਿਚ ਹੁਣ ਪੰਚ ਜਾਂ ਸਰਪੰਚ ਉਹੀ ਨਹੀਂ ਹੋਣੇ ਚਾਹੀਦੇ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਪਹੁੰਚ ਹੋਵੇ ਜਾਂ ਪੁਲੀਸ ਨਾਲ ਅੱਟੀ-ਸੱਟੀ ਹੋਵੇ ਸਗੋਂ ਉਹ ਲੋਕ ਹੋਣ ਜੋ ਸਿਆਣੇ ਹੋਣ, ਜਿਨ੍ਹਾਂ ਨੂੰ ਜਾਣਕਾਰੀ ਹੋਵੇ ਕਿ ਯੂਨੀਵਰਸਿਟੀਆਂ ਅਤੇ ਸਰਕਾਰ ਦੀਆਂ ਵਿਕਾਸ ਦੀਆਂ ਸਕੀਮਾਂ ਨੂੰ ਕਿਸ ਤਰ੍ਹਾਂ ਆਪਣੇ ਲੋਕਾਂ ਤਕ ਪੁਚਾਣਾ ਹੈ। ਰੂਸ ਅਤੇ ਚੀਨ ਦੇ ਇਨਕਲਾਬ ਦੇ ਬਾਅਦ ਮੁਢਲੇ ਦੌਰ ਦੀਆਂ ਬਹੁਤ ਲਿਖਤਾਂ ਮਿਲਦੀਆਂ ਹਨ ਕਿ ਕਲਾਕਾਰਾਂ ਅਤੇ ਗੀਤਕਾਰਾਂ ਨੇ ਆਪਣੀ ਕਲਾ ਨਾਲ ਮਿਹਨਤ ਕਰਨ ਵਾਲੇ ਲੋਕਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਸਾਇੰਸ ਨੂੰ ਅਪਣਾ ਕੇ ਸਦੀਆਂ ਪੁਰਾਣੀ ਜਿਲਣ ਵਿਚੋਂ ਬਾਹਰ ਨਿਕਲਣ। ਕਾਸ਼ਤਕਾਰਾਂ ਦਾ ਰੇਤਗੜ੍ਹ ਦਾ ਇਹ ਸਮਾਗਮ ਉਨ੍ਹਾਂ ਲਿਖਤਾਂ ਦੀ ਸਚਾਈ ਨੂੰ ਸਿੱਧ ਕਰਦਾ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਇੰਸਦਾਨ ਤੇ ਐਕਸਟੈਂਸ਼ਨ ਵਿਭਾਗ ਇਸ ਗੱਲ ਲਈ ਵਧਾਈ ਦਾ ਪਾਤਰ ਹੈ ਕਿ ਉਹ ਇਹੋ ਜਿਹੇ ਪ੍ਰੋਗਰਾਮ ਉਲੀਕ ਰਹੇ ਹਨ ਕਿ ਲੋਕਾਂ ਨੂੰ ਵਿਗਿਆਨ ਦਾ ਸੁਨੇਹਾ ਉਨ੍ਹਾਂ ਦੀ ਸਮਝ ਆਉਣ ਵਾਲੀ ਜ਼ੁਬਾਨ ਵਿਚ ਦੇਣ ਅਤੇ ਐਗਰੀਕਲਚਰ ਦੇ ਨਾਲ-ਨਾਲ ਉਨ੍ਹਾਂ ਨੂੰ ਕਲਚਰ ਦੇ ਸੰਦਰਭ ਵਿਚ ਵੀ ਵਿਗਿਆਨਿਕ ਲੀਹਾਂ 'ਤੇ ਚੱਲਣ ਦੀ ਪ੍ਰੇਰਨਾ ਦੇਣ। ਕਲਚਰ ਅਤੇ ਐਗਰੀਕਲਚਰ ਦਾ ਸੁਮੇਲ ਇਕ ਸ਼ੁਭ ਸ਼ਗਨ ਹੈ।

### ਪਲਸ ਮੰਚ ਦਾ ਸਮਾਗਮ

ਪਲਸ ਮੰਚ ਦੇ ਦੋ ਸਮਾਗਮ ਜਲੰਧਰ (25 ਜਨਵਰੀ) ਅਤੇ ਲੁਧਿਆਣਾ (1 ਮਈ) ਜੋ ਸਾਰੀ ਰਾਤ ਚਲਦੇ ਹਨ, ਉਹ ਅਗਾਂਹਵਧੂ ਅਤੇ ਇਨਕਲਾਬੀ ਹਲਕਿਆਂ ਵਿਚ ਇਕ ਪੁਰਬ ਦਾ ਦਰਜਾ ਰਖਦੇ ਹਨ। ਲੋਕ ਪਰਿਵਾਰਾਂ ਸਮੇਤ ਇਨ੍ਹਾਂ ਲੋਕ-ਪੱਖੀ ਨਾਟਕਾਂ ਨੂੰ ਸਾਰੀ ਰਾਤ ਵੇਖਦੇ ਹਨ ਤੇ ਗੀਤ ਸੰਗੀਤ ਸੁਣਦੇ ਹਨ। ਇਸ ਵਾਰ ਵੀ ਦੇਸ਼ ਭਗਤ ਯਾਦਗਾਰ ਹਾਲ ਵਿਚ ਖਚਾ ਖੱਚ ਭਰੇ ਹਾਲ ਵਿਚ ਪਲਸ ਮੰਚ ਦਾ ਗੀਤ-ਸੰਗੀਤ ਅਤੇ ਨਾਟਕ ਮੇਲਾ ਕੀਤਾ ਗਿਆ। 25 ਤਾਰੀਖ ਰਾਤ 8 ਵਜੇ ਇਹ ਮੇਲਾ ਸ਼ੁਰੂ ਹੋਇਆ ਅਤੇ 26 ਤਾਰੀਖ ਸਵੇਰੇ 6 ਵਜੇ ਖਤਮ ਹੋਇਆ। ਸੱਤ ਨਾਟਕ ਇਸ ਮੇਲੇ ਵਿਚ ਕੀਤੇ ਗਏ: ਰਾਤ ਦੇ ਹਨੇਰੇ ਵਿਚ (ਚੰਡੀਗੜ੍ਹ), ਸੋਨ ਚਿੜੀ (ਫਗਵਾੜਾ), ਮੁਰਦਾਘਰ (ਬਿਆਸ), ਬੋਲ ਮਿੱਟੀ ਦੇ ਬਾਵਿਆ (ਮੁੱਲਾਂਪੁਰ), ਬੱਕਰੀ (ਲੋਹੀਆਂ), ਸਾਥੀ (ਸਮਰਾਲਾ) ਅਤੇ ਮੈਂ ਨਾਟਕ ਨਹੀਂ ਲਿਖਾਂਗਾ (ਨੰਗਲ) ਉਚੀ ਪੱਧਰ ਦੇ ਨਾਟਕ ਖੇਡੇ ਗਏ। ਸੌ ਦੇ ਕਰੀਬ ਨਾਟਕ ਕਲਾਕਾਰਾਂ ਨੇ ਇਨ੍ਹਾਂ ਸੱਤ ਨਾਟਕਾਂ ਵਿਚ ਹਿੱਸਾ ਲਿਆ। ਪਾਰਖੂ ਨਜ਼ਰਾਂ ਨਾਲ ਵੇਖਿਆਂ ਇਨ੍ਹਾਂ ਵਿਚੋਂ ਵੀਹ ਕੁ ਕਲਾਕਾਰ ਐਸੇ ਸਨ, ਜਿਹੜੇ ਚੰਗੇ ਨਿਰਦੇਸ਼ਕਾਂ ਥੱਲੇ ਵੱਡੀਆਂ ਪ੍ਰਾਪਤੀਆਂ ਦੀ ਸੰਭਾਵਨਾ ਰੱਖਦੇ ਹਨ। ਪਾਲੀ ਭੁਪਿੰਦਰ ਦਾ ਲਿਖਿਆ ਨਾਟਕ 'ਬੋਲ ਮਿੱਟੀ ਦਾ ਬਾਵਿਆ' ਜੋ ਮੁੱਲਾਂਪੁਰ ਦੀ ਇਕਾਈ ਵੱਲੋਂ ਖੇਡਿਆ ਗਿਆ, ਇਸ ਨਾਟਕ ਮੇਲੇ ਦਾ ਹਾਸਿਲ ਸੀ। ਗੁਜਰਾਤ ਤੋਂ ਆਏ ਚਾਰੁਲ ਅਤੇ ਵਿਨਯ ਦੇ ਗਾਇਕ ਜੋੜੇ ਨੇ ਕੁਝ ਹਿੰਦੀ ਦੇ ਗੀਤ ਪੇਸ਼ ਕਰਕੇ ਵਿਸ਼ੇਸ਼ ਪ੍ਰਸੰਸ ਲਈ। ਇਹ ਸਭਿਆਚਾਰਕ ਮੇਲਾ ਜੋ ਦਸ ਘੰਟੇ ਚੱਲਿਆ, ਇਸ ਵਿਚ ਇਕ ਵੀ ਪਲ ਐਸਾ ਨਹੀਂ ਸੀ ਕਿ ਦਰਸ਼ਕ ਅੱਖ ਝਪਕ ਸਕੇ। ਇਨਕਲਾਬੀ ਸਭਿਆਚਾਰ ਲਈ ਕਿਸੇ ਵੇਲੇ ਇਪਟਾ ਨੇ ਜੋ ਭੂਮਿਕਾ ਨਿਭਾਈ ਸੀ, ਪਲਸ ਮੰਚ ਉਸੇ ਰਵਾਇਤ ਨੂੰ ਅੱਗੇ ਲਿਜਾ ਰਿਹਾ ਹੈ। ਇਹਦੇ ਲਈ ਇਨਕਲਾਬੀ ਧਿਰ ਦਾ ਮਾਣ ਨਾਲ ਸਿਰ ਉਚਾ ਹੁੰਦਾ ਹੈ।

### ਇਕ ਸ਼ਾਨਦਾਰ ਪੇਂਡੂ ਸਭਿਆਚਾਰਕ ਮੇਲਾ

ਸੰਗਰੂਰ ਜ਼ਿਲੇ ਦੇ ਪਿੰਡ ਅਲਕੜਾ ਲਈ 27 ਜਨਵਰੀ ਦਾ ਦਿਨ ਇਕ ਯਾਦਗਾਰੀ ਦਿਨ ਸੀ। ਸ਼ਹੀਦ ਭਗਤ ਸਿੰਘ ਚੇਤਨਾ ਕਲੱਬ ਵੱਲੋਂ ਇਕ ਲੋਕ ਪੱਖੀ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ 'ਤੇ ਦਰਸ਼ਕਾਂ ਦੀ ਹਾਜ਼ਰੀ ਪੰਜ ਹਜ਼ਾਰ ਦੇ ਕਰੀਬ ਸੀ, ਜਿਨ੍ਹਾਂ ਵਿਚੋਂ ਅੱਧੀਆਂ ਔਰਤਾਂ ਸਨ। ਇਸ ਵਿਚ ਉਹ ਗੀਤ ਨਹੀਂ ਸਨ ਕਿ ਇਸ਼ਕੇ ਦੀ ਹੋਈ ਬਰਸਾਤ ਸਾਰੀ ਰਾਤ ਭਿੱਜਦੇ ਰਹੇ, ਸਗੋਂ ਭਦੌੜ ਦੀ ਲੋਕ ਸੰਗੀਤ ਮੰਡਲੀ ਦੇ ਗੀਤ ਸਨ ਜੋ ਕੰਮੀਆਂ ਦੇ ਵਿਹੜੇ ਚੜ੍ਹਦੇ ਸੂਰਜ ਦੀ ਗੱਲ ਕਰਦੇ ਸਨ। ਤਰਕਸ਼ੀਲ ਸੁਸਾਇਟੀ ਦੀਆਂ ਜਾਦੂ ਦੀਆਂ ਟਰਿਕਾਂ ਅਤੇ ਨਾਲ ਹੀ ਇਹ ਸੁਨੇਹਾ ਕਿ ਗਰੀਬੀ ਅਤੇ ਲਾਚਾਰੀ ਕੋਈ ਭਾਗਾਂ ਦੀ ਦੇਣ ਨਹੀਂ, ਸਗੋਂ ਸੰਘਰਸ਼ ਨਾਲ ਤਕਦੀਰਾਂ ਬਦਲੀਆਂ ਜਾਂਦੀਆਂ ਹਨ। ਦੇਵ ਪੁਰਸ਼ ਹਾਰ ਗਏ, ਬੇਗਮੋ ਦੀ ਧੀ, ਅਤੇ ਕਾਕੇ ਵਰਗੇ ਨਾਟਕ ਸਨ। ਪਿੰਡ ਦੇ ਸ਼ਹੀਦ ਫ਼ੌਜੀ ਦੇ ਬਜ਼ੁਰਗ ਨੂੰ ਸਨਮਾਨਿਆਂ ਗਿਆ। ਇਹੋ ਜਿਹੇ ਸਮਾਗਮ ਹੁਣ ਸਮੇਂ ਦੀ ਲੋੜ ਬਣ ਗਏ ਹਨ। ਬਲਜਿੰਦਰ ਸਿੰਘ, ਨਾਇਬ ਸਿੰਘ, ਸੁਖਮੰਦਰ ਸਿੰਘ, ਦਰਸ਼ਨ ਸਿੰਘ ਅਤੇ ਡਾ. ਮੇਜਰ ਸਿੰਘ ਨੇ ਦਿਨ-ਰਾਤ ਮਿਹਨਤ ਕਰਕੇ ਇਸ ਸਮਾਗਮ ਨੂੰ ਇਕ ਸ਼ਾਨਦਾਰ ਯਾਦਗਾਰੀ ਸਮਾਗਮ ਬਣਾਇਆ।

**ਗੁਰਸ਼ਰਨ ਸਿੰਘ**

---

ਅਸ਼ੋਕ ਕੁਮਾਰ ਨਾਲ ਰੇਸ ਦੇ ਮੈਦਾਨ ਤੋਂ ਬਾਹਰ ਆਉਂਦਿਆਂ ਉਸ ਦੀ ਪਤਨੀ ਨੇ ਪੁੱਛਿਆ, ''ਜਿਸ ਘੋੜੇ ਪਿੱਛੇ ਤੁਸੀਂ ਲੱਗੇ ਹੋਏ ਸੀ, ਉਸ ਦਾ ਕੀ ਹੋਇਆ?''

''ਉਹ ਦੂਸਰਿਆਂ ਘੋੜਿਆਂ ਪਿੱਛੇ ਲੱਗ ਪਿਆ,'' ਅਸ਼ੋਕ ਕੁਮਾਰ ਨੇ ਕਿਹਾ।

***

''ਉਸ ਆਦਮੀ ਨੂੰ ਕੀ ਕਹਿੰਦੇ ਹਨ, ਜੋ ਪਰਿਵਾਰ ਨਿਯੋਜਨ ਵਿਚ ਵਿਸ਼ਵਾਸ਼ ਨਹੀਂ ਰੱਖਦਾ?'' ''ਕੁਆਰਾ,'' ਰੇਖਾ ਨੇ ਕਿਹਾ।

''ਨਹੀਂ, ਉਸ ਨੂੰ ਪਿਤਾ ਕਹਿੰਦੇ ਹਨ,'' ਰੇਖਾ ਦੀ ਮਾਂ ਨ ਉਤਰ ਦਿੱਤਾ।

***

ਇਕ ਅਭਿਨੇਤਾ ਨੇ ਆਪਣੀ ਬੇਟੀ ਨੂੰ ਪੁੱਛਿਆ, ''ਬੇਟਾ, ਦੀਵਾਲੀ 'ਤੇ ਤੈਨੂੰ ਕੀ ਤੋਹਫਾ ਚਾਹੀਦਾ ਹੈ?''

''ਇਕ ਛੋਟਾ ਭਰਾ।''

''ਪਰ ਦੀਵਾਲੀ ਵਿਚ ਤਾਂ ਸਿਰਫ ਇਕ ਮਹੀਨਾ ਰਹਿ ਗਿਆ ਹੈ, ਇਹ ਕਿਵੇਂ ਹੋ ਸਕਦਾ ਹੈ ਇੰਨੀ ਜਲਦੀ?''

''ਕਿਉਂ ਨਹੀਂ ਹੋ ਸਕਦਾ ਭਾਪਾ, ਤੁਸੀਂ ਇਸ ਕੰਮ ਵਿਚ ਜ਼ਿਆਦਾ ਆਦਮੀ ਲਗਾ ਦਿਓ।''

---

ਕਰਦੀਆਂ ਹਨ। ਵਾਰਾਂ ਦਾ ਪਾਠ ਕਰਦਿਆਂ ਜਾਂ ਸੁਣਦਿਆਂ ਰਣ ਭੂਮੀ ਦਾ ਨਕਸ਼ਾ, ਸ਼ਬਦ-ਚਿੱਤਰਾਂ ਦੇ ਸਹਾਰੇ ਆਪ ਮੁਹਾਰੇ ਅੱਖਾਂ ਅੱਗੇ ਸਾਕਾਰ ਹੋ ਉਠਦਾ ਹੈ। ਵਾਰਾਂ ਵਿਚ ਵਰਤੀ ਗਈ ਸ਼ਬਦਾਵਲੀ ਬੜੀ ਖੜਕੂ ਅਤੇ ਅਲੰਕਾਰਾਂ ਨਾਲ ਭਰਪੂਰ ਹੈ।

ਪ੍ਰਸਿੱਧ ਕਵੀ ਗੁਰਦੇਵ ਸਿੰਘ ਮਾਨ ਅਨੁਸਾਰ ਗੁਰਦਾਸਪੁਰੀ ਨੇ ਰਵਾਇਤੀ ਕਵਿਤਾ ਤੋਂ ਲੈ ਕੇ ਨਵੀਨ ਅਗਾਂਹਵਧੂ ਕਵਿਤਾ ਦੀ ਹੀ ਰਚਨਾ ਨਹੀਂ ਕੀਤੀ ਸਗੋਂ ਨਵੀਨ ਕਵਿਤਾ ਦੇ ਖ਼ੁਦਾਵੰਦਾਂ ਦੇ ਦੰਦ ਵੀ ਜੋੜ ਦਿੱਤੇ ਹਨ। ਉਸ ਦੀ ਸ਼ੈਲੀ ਬੜੀ ਮਿੱਠੀ ਅਤੇ ਪਿਆਰੀ ਹੈ।

ਗੁਰਦਾਸਪੁਰੀ ਨੇ ਆਪਣੇ ਜੀਵਨ-ਕਾਲ ਦੌਰਾਨ ਛੇ ਕਾਵਿ-ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ, ਜਿਹਾ ਕਿ 'ਦੀਵਾ ਮੁੜ ਕੇ ਕੋਈ ਜਗਾਵੇ', 'ਤਖ਼ਤ ਹਜ਼ਾਰਾ', 'ਰਣ ਭੂਮੀ', 'ਮਿੱਟੀ ਰੋਈ', 'ਇਕੱਲਾ ਨਹੀਂ ਹਾਂ ਮੈਂ' (ਗ਼ਜ਼ਲ-ਸੰਗ੍ਰਹਿ) ਅਤੇ 'ਵਾਰਾਂ ਦੀ ਬਾਦਸ਼ਾਹੀ', ਜਿਨ੍ਹਾਂ 'ਤੇ ਪੰਜਾਬੀ ਕਵਿਤਾ ਦੇ ਰਸੀਏ ਹਮੇਸ਼ਾ ਮਾਣ ਕਰਦੇ ਰਹਿਣਗੇ। ਗੁਰਦਾਸਪੁਰੀ ਦਾ ਦਿਹਾਂਤ 30 ਅਕਤੂਬਰ, 1987 ਨੂੰ ਦਿੱਲੀ ਵਿਚ ਹੋਇਆ ਸੀ।

**ਪਾਂਧੀ ਨਨਕਾਣਵੀ**